ਪ੍ਰੈੱਸ ਨੋਟ :

## 26 ਜਨਵਰੀ ਦੇ ਗਣਤੰਤਰ ਦਿਵਸ ਤੇ ਕਿਸਾਨਾਂ ਵੱਲੋਂ ਵਿਰੋਧ ਅਤੇ ਮਨੁੱਖੀ ਅਧਿਕਾਰਾਂ ਦੇ ਵਿਗੜਦੇ ਹਾਲਾਤ

## ਘੱਟੋ ਘੱਟ ਇੱਕ ਵਿਅਕਤੀ ਦੀ ਮੌਤ, 200 ਜਣੇ ਗ੍ਰਿਫਤਾਰ, ਪ੍ਰਦਰਸ਼ਨਕਾਰੀਆਂ ਦੀ ਬੇਰਹਿਮੀ ਨਾਲ ਕੁੱਟਮਾਰ ਅਤੇ ਕਿਸਾਨ ਲੀਡਰਾਂ ਖਿਲਾਫ ਅਪਰਾਧਿਕ ਕੇਸ ਦਰਜ

26 ਜਨਵਰੀ 2020 ਗਣਤੰਤਰ ਦਿਵਸ ਤੇ ਕਿਸਾਨਾਂ ਵੱਲੋਂ ਵਿਰੋਧ ਪ੍ਰਦਰਸ਼ਨ ਦੌਰਾਨ ਵਾਪਰੀਆਂ ਘਟਨਾਵਾਂ ਬਾਰੇ ਅਸੀਂ ਸਮੂਹਿਕ ਤੌਰ ਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹਾਂ l ਅੰਦਾਜ਼ਨ 200000 ਪ੍ਰਦਰਸ਼ਨਕਾਰੀਆਂ ਨੇ ਇੱਕ ਵਿਸ਼ਾਲ ਸ਼ਾਂਤੀਪੂਰਨ ਟਰੈਕਟਰ ਰੈਲੀ ਵਿੱਚ ਹਿੱਸਾ ਲਿਆ ਜਿਸ ਵਿੱਚ ਘੱਟੋ ਘੱਟ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ 200 ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ lਸੋਸ਼ਲ ਮੀਡੀਆਂ ਉੱਤੇ ਐਸੇ ਫੁਟੇਜ ਸਾਹਮਣੇ ਆਏ ਜਿਸ ਵਿੱਚ ਪੁਲਿਸ ਵੱਲੋਂ ਲੋਕਾਂ ਉੱਤੇ ਅੰਨ੍ਹੇਵਾਹ ਫਾਇਰਿੰਗ ਕੀਤੀ ਅਤੇ ਲਾਲ ਕਿਲੇ ਉੱਤੇ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਦੀ ਨਜ਼ਰਬੰਦੀ ਅਤੇ ਕੁੱਟ-ਮਾਰ ਕਰਦਿਆਂ ਵੇਖਿਆ ਗਿਆ lਪੁਲਿਸ ਦੀ ਗੋਲੀਬਾਰੀ ਨਾਲ ਪ੍ਰਦਰਸ਼ਨਕਾਰੀਆਂ ਦੇ ਜ਼ਖਮੀ ਹੋਣ ਦੀਆਂ ਖਬਰਾਂ ਆਈਆਂ ਹਨ l ਦਿੱਲੀ ਦੇ ਆਈਟੀਓ ਵਿਖੇ ਉਤਰਾਖੰਡ ਦੇ 26 ਸਾਲਾ ਕਿਸਾਨ ਨਵਦੀਪ ਸਿੰਘ ਹੁੰਦਲ ਦੀ ਮੌਤ ਹੋ ਗਈ ਹੈl

ਭਾਰਤ ਦੀ ਸੁਪਰੀਮ ਕੋਰਟ ਨੇ 26 ਜਨਵਰੀ ਨੂੰ ਦਿੱਲੀ ਪੁਲਿਸ ਨੂੰ ਵਿਰੋਧ ਪ੍ਰਦਰਸ਼ਨ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਲੈਣ ਦੇ ਨਿਰਦੇਸ਼ ਦਿੱਤੇ ਹੋਣ ਦੇ ਬਾਵਜੂਦ, ਇਸ ਵਿਰੋਧ ਪ੍ਰਦਰਸ਼ਨ ਨੂੰ ਸਹੀ ਤਰੀਕੇ ਨਾਲ ਸੰਚਾਲਿਤ ਕਰਨ ਵਿੱਚ ਪੁਲਿਸ ਪੂਰੀ ਤਰ੍ਹਾਂ ਅਸਫਲ ਹੋਈ ਹੈ, ਜਿਸ ਕਾਰਨ ਇਹ ਘਟਨਾਵਾਂ ਹੋਈਆਂ ਅਤੇ ਪ੍ਰਸਾਸਨ ਵੱਲੋਂ ਤਾਕਤ ਦੀ ਵਰਤੋਂ ਪੂਰੀ ਤਰ੍ਹਾਂ ਅਸਹਿਜ ਸੀl ਦੂਸਰੀਆਂ ਥਾਵਾਂ ਤੇ ਹੋਏ ਪ੍ਰਦਰਸ਼ਨ ਦੀ ਅਧਿਕਾਰਿਤ ਫੁਟੇਜ ਮੌਜੂਦ ਹੈ ਜਿਸ ਵਿੱਚ ਪੁਲਿਸ ਅਧਿਕਾਰੀ ਪ੍ਰਦਰਸ਼ਨਕਾਰੀਆਂ ਨੂੰ ਡਾਂਗਾਂ ਨਾਲ ਕੁੱਟਦੇ ਅਤੇ ਟਰੈਕਟਰਾਂ ਅਤੇ ਹੋਰ ਵਾਹਨਾਂ 'ਤੇ ਲਾਠੀਆਂ ਨਾਲ ਹਮਲਾ ਕਰਦੇ ਦਿਖਾਈ ਦਿੰਦੇ ਹਨl

ਅਸੀਂ ਨਜ਼ਰਬੰਦ ਪ੍ਰਦਰਸ਼ਨਕਾਰੀਆਂ ਦੀ ਤੁਰੰਤ ਰਿਹਾਈ ਦੀ ਮੰਗ ਕਰਦੇ ਹਾਂ, ਜਿਨ੍ਹਾਂ ਨੂੰ ਹਿਰਾਸਤ ਵਿਚ ਤਸੀਹੇ ਦਿੱਤੇ ਜਾਣ ਦੀਆਂ ਰਿਪੋਰਟਾਂ ਮਿਲੀਆਂ ਹਨl ਸ੍ਰੀ ਹੁੰਦਲ ਦੇ ਪਰਿਵਾਰ ਨੂੰ ਮੌਤ ਦੇ ਕਾਰਨਾਂ ਦੀ ਪਛਾਣ ਕਰਨ ਲਈ ਆਪਣੇ ਤੌਰ ਤੇ ਪੋਸਟ ਮਾਰਟਮ ਕਰਵਾਉਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਤਾਂ ਕਿ ਮੌਤ ਦੇ ਕਾਰਨਾਂ ਨੂੰ ਸਥਾਪਤ ਕੀਤਾ ਜਾ ਸਕੇ l ਸੀ ਬੀ ਆਈ ਦੀ ਅਗਵਾਈ ਵਿੱਚ ਤੁਰੰਤ ਜਾਂਚ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਹ ਸਥਾਪਤ ਕੀਤਾ ਜਾ ਸਕੇ ਕਿ ਪੁਲਿਸ ਦੀ ਗੋਲੀਬਾਰੀ ਦੇ ਨਤੀਜੇ ਵਜੋਂ ਨੌਜਵਾਨ ਦੀ ਮੌਤ ਹੋਈ ਸੀ ਜਾਂ ਕੀ ਇਹ ਹਾਦਸਾਗ੍ਰਸਤ ਸੀ ਜਿਵੇਂ ਕਿ ਦਿੱਲੀ ਪੁਲਿਸ ਨੇ ਦਾਅਵਾ ਕੀਤਾ ਹੈl

ਭਾਰਤੀ ਮੀਡੀਆ ਦੇ ਕੁਝ ਹਿੱਸਿਆਂ ਵੱਲੋਂ, ਮਹੀਨਿਆਂ ਤੋਂ ਸ਼ਾਂਤਮਈ ਪ੍ਰਦਰਸ਼ਨਾਂ ਦੇ ਵਿਰੋਧ ਦੀ ਨਿਰੰਤਰ ਕੋਸ਼ਿਸ਼ ਦੇ ਬਾਵਜੂਦ, ਕਿਸਾਨਾਂ ਨੇ ਪਰਿਪੱਕਤਾ ਨੇ ਮਾਣਮੱਤੀ ਲੀਡਰਸ਼ਿਪ ਦਾ ਪ੍ਰਗਟਾਵਾ ਕੀਤਾ ਹੈ l ਜਿਵੇਂ ਕਿ ਆਮ ਕਰਕੇ ਹੀ ਵੱਡੇ ਪੱਧਰ 'ਤੇ ਕੀਤੇ ਗਏ ਵਿਰੋਧ ਪ੍ਰਦਰਸ਼ਨਾਂ ਦੇ ਨਾਲ ਹਿੰਸਾ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ ਵਾਪਰਦੀਆਂ ਹਨ, ਦਿੱਲੀ ਵਿੱਚ ਵਾਪਰੀਆਂ ਇਹ ਘਟਨਾਵਾਂ ਕਿਸਾਨਾਂ ਦੇ ਸ਼ਾਂਤਮਈ ਅਤੇ ਸਫਲ ਵਿਰੋਧ ਪ੍ਰਦਰਸ਼ਨ ਨੂੰ ਖਰਾਬ ਨਹੀਂ ਕਰ ਸਕੀਆਂ l ਇਸਦੇ ਮੁਕਾਬਲੇ ਪ੍ਰਦਰਸ਼ਨਕਾਰੀ ਕਿਸਾਨਾਂ ਵੱਲੋਂ ਪਿਛਲੇ ਤਿੰਨ ਮਹੀਨਿਆਂ ਤੋਂ, ਤਿੰਨ ਨਵੇਂ ਖੇਤ ਬਿੱਲਾਂ ਦੇ ਵਿਰੁੱਧ ਕੀਤੇ ਜਾ ਰਹੇ ਸ਼ਾਂਤਮਈ ਪਰਦਰਸ਼ਨ ਦੌਰਾਨ ਸਿੰਘੂ, ਟਿੱਕਰੀ ਜਾਂ ਗਾਜ਼ੀਪੁਰ ਸਰਹੱਦਾਂ 'ਤੇ ਕੋਈ ਹਿੰਸਕ ਘਟਨਾਵਾਂ ਨਹੀਂ ਵਾਪਰੀਆਂ l ਇਸ ਅੰਦੋਲਨ ਦੇ

ਪ੍ਰਬੰਧਕਾਂ ਨੂੰ ਸੰਸਾਰ ਭਰ ਤੋਂ ਇਸ ਵੱਡੀ ਸਫਲਤਾ ਲਈ ਵਧਾਈ ਦਿੱਤੀ ਗਈ ਹੈ ਜਿਸ ਤਰ੍ਹਾਂ ਉਨ੍ਹਾਂ ਸੰਗਠਿਤ ਰੂਪ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ ਹੈ।

ਅਸੀਂ ਭਾਰਤ ਸਰਕਾਰ ਨੂੰ ਸੰਯੁਕਤ ਰਾਸ਼ਟਰ ਦੇ ਤਾਕਤ ਅਤੇ ਹਥਿਆਰਾਂ ਦੀ ਵਰਤੋਂ ਬਾਰੇ ਬੁਨਿਆਦੀ ਸਿਧਾਂਤਾਂ ਦੀ ਯਾਦ ਦਿਵਾਉਂਦੇ ਹਾਂ, ਜੋ ਕਾਨੂੰਨ ਵਿਵਸਥਾ ਦੀ ਬਹਾਲੀ ਲਈ ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਵਰਤੋਂ ਤੇ ਰੋਕ ਲਗਾਉਂਦਾ ਹੈ ਜੋ ਅਣਚਾਹੇ ਸੱਟ ਲੱਗਣ ਦਾ ਕਾਰਨ ਬਣਦਾ ਹੈ ਜਾਂ ਅਣਚਾਹਿਆ ਜੋਖਮ ਖੜ੍ਹਾ ਕਰਦਾ ਹੈ। ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ ਅੰਤਰਰਾਸ਼ਟਰੀ ਨੇਮਾਂ ਵਿਚ ਕਿਹਾ ਗਿਆ ਹੈ ਕਿ ਇਕੱਠਾਂ ਨੂੰ ਸੰਚਾਲਿਤ ਕਰਨ ਲਈ ਲਈ ਹਥਿਆਰਾਂ ਦਾ ਇਸਤੇਮਾਲ ਢੁਕਵਾਂ ਸਾਧਨ ਨਹੀਂ ਹੁੰਦਾ ਅਤੇ ਕਦੇ ਵੀ ਇਕੱਠਾਂ ਨੂੰ ਖਿੰਡਾਉਣ ਲਈ ਕਦਾਚਿਤ ਵੀ ਲਈ ਇਸਤੇਮਾਲ ਨਹੀਂ ਕੀਤਾ ਜਾਣਾ ਚਾਹੀਦਾ ।

1980 ਅਤੇ 1990 ਦੇ ਦਹਾਕਿਆਂ ਦੌਰਾਨ ਪੰਜਾਬ ਅਤੇ ਦਿੱਲੀ ਵਿੱਚ ਸਰਕਾਰੀ ਹਿੰਸਾ ਅਤੇ ਸਰਕਾਰੀ ਜਬਰ ਵਿਰੋਧੀ ਹਿੰਸਾ ਦੇ ਬਹੁਤ ਸਾਰੇ ਖ਼ੂਨ-ਖ਼ਰਾਬੇ ਦੇ ਚੱਕਰਾਂ ਨੇ ਵੇਖਿਆ ਹੈ, ਜਿਸ ਵਿੱਚ ਨਸਲਕੁਸ਼ੀ ਅਤੇ ਵਿਆਪਕ ਪੱਧਰ ਉੱਤੇ ਗੈਰ ਕਾਨੂੰਨੀ ਹੱਤਿਆਵਾਂ ਹੋਈਆਂ ਸਨ । ਇਸ ਸਾਲ 4 ਫਰਵਰੀ ਨੂੰ ਸਾਕਾ ਨਕੋਦਰ ਦੇ ਸ਼ਹੀਦਾਂ ਦੀ  35ਵਾਂ ਸਲਾਨਾ ਦਿਹਾੜਾ ਆ ਰਿਹਾ ਹੈ, ਜਿਸ ਵਿਚ ਉਸ ਸਮੇਂ ਦੀ ਸਰਕਾਰ ਦੀ ਪੁਲਿਸ ਨੇ 4 ਸਿੰਘਾਂ ਨੂੰ ਗੋਲੀ ਮਾਰ ਕੇ ਸ਼ਹੀਦ ਕੀਤਾ ਸੀ ਤੇ ਉਹਨਾਂ ਦੇ ਪਰਿਵਾਰ ਅਜੇ ਤੱਕ ਨਿਆਂ ਦੀ ਉਡੀਕ ਕਰ ਰਹੇ ਹਨ।ਅਜੇ ਤੱਕ ਵੀ ਇਹਨਾਂ ਦਾ ਕੋਈ ਹੱਲ ਨਹੀਂ ਹੋਇਆ ਅਤੇ ਹਜ਼ਾਰਾਂ ਪੀੜਤ ਅਜੇ ਵੀ ਇਨਸਾਫ ਦੀ ਉਡੀਕ ਵਿੱਚ ਹਨ। ਕੋਈ ਵੀ ਸਹੀ ਸੋਚ ਵਾਲਾ ਵਿਅਕਤੀ ਹਿੰਸਾ, ਬਦਲਾ ਲਊ ਭਾਵਨਾ ਜਾਂ ਉਨ੍ਹਾਂ ਹਨੇਰੇ ਦਿਨਾਂ ਵਿਚ ਵਾਪਸੀ ਨੂੰ ਵੇਖਣਾ ਨਹੀਂ ਚਾਹੇਗਾ ।

ਪੁਲਿਸ ਅਤੇ ਸੁਰੱਖਿਆ ਬਲ ਕਾਨੂੰਨ ਅਤੇ ਪ੍ਰਬੰਧ ਕਾਇਮ ਰੱਖਣ ਦੇ ਨਾਂ ਹੇਠ ਕਿਸਾਨ ਅੰਦੋਲਨ ਵਿੱਚ ਸ਼ਾਮਲ ਲੋਕਾਂ ਨੂੰ ਮਾਮੂਲੀ ਗੱਲ ਬਦਲੇ UAPA ਐਕਟ, ਦੇਸ਼ ਧ੍ਰੋਹ ਅੱਤਵਾਦ ਅਤੇ ਵੱਖਵਾਦ ਆਦਿ ਜ਼ੁਰਮਾਂ ਹੇਠ ਕਿਸਾਨ ਲੀਡਰਾਂ ਸਮੇਤ ਲੋਕਾਂ ਤੇ ਝੂਠੇ ਕੇਸ ਦਰਜ਼ ਕਰ ਰਹੇ ਹਨ।

ਕਿਸਾਨ ਅੰਦੋਲਨ ਕਰ ਰਹੇ ਅੰਦੋਲਨਕਾਰੀਆਂ ਦੀਆਂ ਕਾਰਵਾਈਆਂ ਨਾ ਤਾਂ 'ਅੱਤਵਾਦੀ' ਕਾਰਵਾਈਆਂ ਹਨ ਅਤੇ ਨਾ  ਦੇਸ਼ ਧ੍ਰੋਹ ਅਤੇ ਨਾ ਹੀ ਦੇਸ਼ ਵਿਰੋਧੀ ਕਾਰਵਾਈਆਂ ਹਨ। ਉਹ ਤਾਂ ਕੇਵਲ ਕਿਸੇ ਸਰਕਾਰੀ ਨੀਤੀ ਨਾਲ ਅਸਹਿਮਤ ਹਨ।

ਸਰਕਾਰ ਹੁਣ ਵੱਡੀ ਗਿਣਤੀ ਵਿੱਚ ਪੁਲਿਸ ਅਤੇ ਸੁਰੱਖਿਆ ਬਲਾਂ ਨੂੰ ਤਾਇਨਾਤ ਕਰਕੇ ਕਿਸਾਨਾਂ ਦੇ ਅੰਦੋਲਨ ਨੂੰ ਕੁਚਲਣ ਲਈ ਅਸਧਾਰਨ ਸ਼ਕਤੀਆਂ ਦੀ ਵਰਤੋਂ ਕਰ ਰਹੀ ਹੈ ਅਤੇ ਉਹਨਾਂ ਦੇ ਸੰਘਰਸ਼ ਕਰਨ ਦੇ ਸੰਵਿਧਾਨਿਕ ਅਧਿਕਾਰ ਨੂੰ ਖੋਹ ਰਹੀ ਹੈ।ਸਰਕਾਰ ਦੀ ਇਹ ਕਾਰਵਾਈ ਵੱਡੀ ਚਿੰਤਾ ਵਾਲੀ ਗੱਲ ਹੈ ਕਿਉਂਕਿ ਅੰਦੋਲਨਕਾਰੀ ਦਿੱਲੀ ਦੀਆਂ ਸਰਹੱਦਾਂ ਤੇ ਵੱਖ ਵੱਖ ਥਾਵਾਂ ਤੇ ਧਰਨੇ ਲਾਈ ਬੈਠੇ ਹਨ।

ਮਨੁੱਖੀ ਅਧਿਕਾਰ ਸੰਗਠਨ ਚੱਲ ਰਹੇ ਘਟਨਾਕ੍ਰਮ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਨਿਗਰਾਨੀ ਕਰਦੇ ਰਹਿਣਗੇ ਅਤੇ ਭਾਰਤ ਸਰਕਾਰ ਨੂੰ ਸੰਜਮ ਦਿਖਾਉਣ ਅਤੇ ਤਿੰਨ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਪ੍ਰਦਰਸ਼ਨਕਾਰੀ ਕਿਸਾਨ ਸਮੂਹਾਂ ਨਾਲ ਗੱਲਬਾਤ ਕਰਦੇ ਰਹਿਣ ਦੀ ਅਪੀਲ ਕਰਨਗੇ। ਸੁਪਰੀਮ ਕੋਰਟ ਨੂੰ ਦਿੱਲੀ ਦੇ ਸਾਰੇ ਥਾਂਵਾਂ ਦੇ ਸੀਸੀਟੀਵੀ ਕੈਮਰੇ ਸੁਰੱਖਿਅਤ ਕਰ ਲੈਣੇ ਚਾਹੀਦੇ ਹਨ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਹਿੰਸਾ ਕਿਵੇਂ ਵਾਪਰੀ ਹੈ।

ਸੋਸ਼ਲ ਮੀਡੀਆ ਅਕਾਊਂਟਾਂ ਨੂੰ ਬੰਦ ਕਰਨਾ ਅਤੇ ਇੰਟਰਨੈੱਟ ਸੇਵਾਵਾਂ 'ਤੇ ਪਾਬੰਦੀ ਲਾਉਣਾ ਸ਼ਰਕਾਰ ਵੱਲੋਂ ਉਹਨਾਂ ਥਾਂਵਾਂ ਦੀ ਬਿਜ਼ਲੀ ਅਤੇ ਪਾਣੀ ਦੀ ਸਪਲਾਈ ਬੰਦ ਕਰਨ ਤੋਂ ਰੋਕਣ ਦਾ ਆਦੇਸ਼ ਦਿੱਤਾ ਜਾਵੇ ਜਿੱਥੇ ਬਜ਼ੁਰਗਾਂ ਬੱਚਿਆਂ ਅਤੇ ਮਾਤਾਵਾਂ ਸਮੇਤ

ਅੰਦੋਲਨਕਾਰੀ ਅੰਦੋਲਨ ਕਰ ਰਹੇ ਹਨ,ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕਰਨ ਦੀ ਪ੍ਰਕਿਰਿਆ ਦੇ ਅਨੁਕੂਲ ਨਹੀਂ ਹੈ । ਕਿਸਾਨ ਲੀਡਰਸ਼ਿਪ ਖ਼ਿਲਾਫ਼ ਐਫ ਆਈ ਆਰ ਰਜਿਸਟਰ ਕਰਨਾ ਨਾ ਸਿਰਫ ਸਰਕਾਰ ਨਾਲ ਉਨ੍ਹਾਂ ਦੀ ਚੱਲ ਰਹੀ ਗੱਲਬਾਤ ਵਿੱਚ ਇੱਕ ਬਹੁਤ ਹੀ ਗੁੰਝਲਦਾਰ ਅਤੇ ਨਾਜ਼ੁਕ ਪ੍ਰਕਿਰਿਆ ਨੂੰ ਹੋਰ ਗੁੰਝਲਦਾਰ ਬਣਾਉਂਦੀ ਹੈ, ਬਲਕਿ ਵਿਰੋਧ ਕਰਨ ਦੇ ਉਨ੍ਹਾਂ ਦੇ ਬੁਨਿਆਦੀ ਅਧਿਕਾਰ ਦੇ ਨਾਲ-ਨਾਲ ਇਨ੍ਹਾਂ ਕਾਨੂੰਨਾਂ ਉੱਤੇ ਇਤਰਾਜ਼ ਕਰਨ ਦੇ ਉਨ੍ਹਾਂ ਦੇ ਸੰਵਿਧਾਨਕ ਅਧਿਕਾਰ ’ਤੇ ਵੀ ਇਕ ਗੰਭੀਰ ਅਤੇ ਸਖ਼ਤ ਹਮਲਾ ਹੈ।

**Punjab Documentation and Advocacy Project,** **Khalra Mission Organisation**

**Punjab Human Rights Organisation** **Lawyers for Human Rights International**

**People’s Union for Civil Liberties.** **Human Rights Law Network**